-1-

ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ: 0172- 5015864, 5015865
ਫੈਕਸ:0172-2624687

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) (ਵੈੱਬ ਸਾਈਟ ਰਾਹੀਂ)
ਪੰਜਾਬ।

ਮੀਮੋ ਨੰ. 50/ਸ.ਸ.ਅ/ਟੀ.ਟੀ/83574

ਮਿਤੀ: ਚੰਡੀਗੜ੍ਹ 09.08.2012

ਵਿਸ਼ਾ: **ਸਾਲ 2012-13 ਲਈ ਸਰਵ ਸਿੱਖਿਆ ਅਭਿਆਨ ਅਧੀਨ ਟੀਚਰ (ਟੀ.ਐੱਲ.ਐੱਮ) ਗ੍ਰਾਂਟ ਦੀ ਵਰਤੋਂ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਟੀਚਰ (ਟੀ.ਐੱਲ.ਐੱਮ) ਗ੍ਰਾਂਟ ਹਰ ਸਾਲ ਸਰਕਾਰੀ ਪ੍ਰਾਇਮਰੀ, ਅੱਪਰ ਪ੍ਰਾਇਮਰੀ ਅਤੇ ਸਰਕਾਰੀ ਏਡਿਡ ਸਕੂਲਾਂ ਨੂੰ ਦਿੱਤੀ ਜਾਂਦੀ ਹੈ। ਇਹ ਗ੍ਰਾਂਟ ਰੈਕਰਿੰਗ ਨੇਚਰ ਦੀ ਹੈ।

2.0 ਸਰਵ ਸਿੱਖਿਆ ਅਭਿਆਨ ਅਧੀਨ ਸਾਲ 2012-13 ਲਈ PAB ਵਲੋਂ ਪ੍ਰਵਾਨ ਹੋਈ ਟੀਚਰ (ਟੀ.ਐੱਲ.ਐੱਮ) ਗ੍ਰਾਂਟ **ਅਨੁਲੱਗ ੳ** ਅਨੁਸਾਰ ਇਸ ਦਫ਼ਤਰ ਦੇ ਪੱਤਰ ਨੰ. 81875-81894 ਮਿਤੀ: 06-07-2012 ਰਾਹੀਂ ਜ਼ਿਲ੍ਹਾ ਵਾਈਜ਼ ਆਪ ਜੀ ਨੂੰ ਈ-ਟ੍ਰਾਂਸਫਰ ਕਰ ਦਿੱਤੀ ਗਈ ਹੈ।

3.0 ਟੀਚਰ (ਟੀ.ਐੱਲ.ਐੱਮ) ਗ੍ਰਾਂਟ ਦੀ ਵਰਤੋਂ ਲਈ ਹੇਠਾਂ ਅਨੁਸਾਰ ਦਿਸ਼ਾ ਨਿਰਦੇਸ਼ ਦਿੰਦੇ ਹੋਇਆ ਆਪ ਸਭ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਗ੍ਰਾਂਟ ਦੀ ਨਿਯਮਾਂ ਅਨੁਸਾਰ ਜਲਦ ਤੋਂ ਜਲਦ ਉਚਿਤ ਵਰਤੋਂ ਕਰਕੇ ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

4.0 ਟੀਚਰ (ਟੀ.ਐੱਲ.ਐੱਮ) ਗ੍ਰਾਂਟ ਦੀ ਵਰਤੋਂ ਅਧਿਆਪਕ ਦੁਆਰਾ ਟੀਚਿੰਗ ਲਰਨਿੰਗ ਏਡਜ਼ ਬਨਾਉਣ ਲਈ ਕਰਨੀ ਹੁੰਦੀ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਹਰ ਅਧਿਆਪਕ ਵਲੋਂ ਆਪਣੇ ਵਿਸ਼ੇ ਨੂੰ ਅਸਰਦਾਰ ਤਰੀਕੇ ਨਾਲ ਪੜ੍ਹਾਉਣ ਲਈ ਯੋਗ ਟੀ.ਐੱਲ.ਐੱਮ ਆਪ ਬਣਾਇਆ ਜਾਵੇ ਨਾ ਕਿ ਬਾਜ਼ਾਰ ਤੋਂ ਖਰੀਦਿਆਂ ਜਾਵੇ ਅਤੇ ਉਸ ਟੀ.ਐੱਲ.ਐੱਮ ਦਾ ਪੂਰਾ ਇਸਤੇਮਾਲ ਕੀਤਾ ਜਾਵੇ।

5.0 ਇਹ ਵੀ ਧਿਆਨ ਰੱਖਿਆ ਜਾਵੇ ਕਿ ਇੱਕ ਹੀ ਵਿਸ਼ੇ ਤੇ ਵੱਖ-ਵੱਖ ਅਧਿਆਪਕਾਂ ਵਲੋਂ ਬਣਾਇਆ ਗਿਆ ਟੀ.ਐੱਲ.ਐੱਮ ਇੱਕ ਦੂਜੇ ਨਾਲ ਮੇਲ ਨਾ ਖਾਂਦਾ ਹੋਵੇ। ਜਿੱਥੋ ਤੱਕ ਸੰਭਵ ਹੋ ਸਕੇ ਸਕੂਲ ਦਾ ਹਰ ਅਧਿਆਪਕ ਦੂਜਿਆਂ ਨਾਲੋਂ ਕੁੱਝ ਵੱਖਰਾ ਤੇ ਨਵਾਂ ਟੀ.ਐੱਲ.ਐੱਮ ਤਿਆਰ ਕਰੇ। ਟੀ.ਐੱਲ.ਐੱਮ ਗ੍ਰਾਂਟ ਦੀ ਵਰਤੋਂ ਕਰਦੇ ਹੋਏ ਲੋੜੀਂਦੀ ਪੜ੍ਹਨ ਪੜ੍ਹਾਉਣ ਸਮੱਗਰੀ ਤਿਆਰ ਕਰਨ ਦਾ ਕਾਰਜ ਹਰ ਹਾਲਤ 15 ਦਸੰਬਰ, 2012 ਤੱਕ ਮੁਕੰਮਲ ਹੋ ਜਾਣਾ ਚਾਹੀਦਾ ਹੈ।

6.0 ਇਸ ਗ੍ਰਾਂਟ ਨੂੰ ਵੱਧ ਤੋਂ ਵੱਧ ਇਕਨਾਮਿਕਲ ਤਰੀਕੇ ਨਾਲ ਖਰਚਿਆ ਜਾਵੇ।

7.0 ਤਿਆਰ ਕੀਤੇ ਗਏ ਟੀ.ਐੱਲ.ਐੱਮ ਦੀ ਉਚਿਤ ਵਰਤੋਂ ਲਈ ਸਕੂਲ ਵਿੱਚ ਇੱਕ ਸਾਂਝੀ ਜਗ੍ਹਾ ਤੇ ਰੱਖਿਆ ਜਾਵੇ ਤਾਂ ਜੋ ਸਮੂਹ ਅਧਿਆਪਕ ਆਪਣੀ ਜਮਾਤ ਵਿੱਚ ਲੋੜ ਅਨੁਸਾਰ ਟੀ.ਐੱਲ.ਐੱਮ ਦੀ ਵਰਤੋਂ ਕਰ ਸਕਣ।

8.0 ਤਿਆਰ ਕੀਤੇ ਗਏ ਟੀ.ਐੱਲ.ਐੱਮ ਦੀ ਵਰਤੋਂ ਨਿਯਮਿਤ ਰੂਪ ਵਿੱਚ ਪੜ੍ਹਾਉਂਦੇ ਸਮੇਂ ਹਰ ਕਲਾਸ ਵਿੱਚ ਕੀਤੀ ਜਾਵੇ।

9.0 ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਹੋਣ ਵਾਲੀਆਂ ਹਫ਼ਤਾਰਵਾਰੀ/ਮਹੀਨਾਵਾਰ ਮੀਟਿੰਗਾਂ ਵਿੱਚ ਖਰਚੀ ਗਈ ਰਾਸ਼ੀ ਦਾ ਰੀਵਿਊ ਜ਼ਰੂਰ ਕੀਤਾ ਜਾਵੇ।

10.0 ਅੱਪਰ ਪ੍ਰਾਇਮਰੀ ਪੱਧਰ ਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਵਲੋਂ ਅਤੇ ਪ੍ਰਾਇਮਰੀ ਪੱਧਰ ਤੇ ਬੀ.ਆਰ.ਪੀ ਅਤੇ ਜ਼ਿਲ੍ਹਾ ਕੋਆਰਡੀਨੇਟਰ ਵਲੋਂ ਟੀ.ਐੱਲ.ਐੱਮ ਦੀ ਰਾਸ਼ੀ ਸਮੇਂ ਸਿਰ ਖਰਚਣ ਦੀ ਮੋਨੀਟਰਿੰਗ ਕੀਤੀ ਜਾਵੇ ਜੀ ਅਤੇ ਇਨ੍ਹਾਂ ਵਲੋਂ ਹੀ ਵਰਤੋਂ ਸਰਟੀਫ਼ਿਕੇਟ ਇੱਕਠੇ ਕਰਕੇ ਏ.ਪੀ.ਸੀ (ਵਿੱਤ), ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਨੂੰ ਮੁਹੱਈਆ ਕਰਵਾਈ ਜਾਵੇ।

11.0 ਉਕਤ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ-
ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ. 50/ਸ.ਸ.ਅ/ਟੀ.ਟੀ/83578 ਮਿਤੀ: 09.08.2012

ਇਸਦਾ ਉਤਾਰਾ ਹੇਠ ਲਿਖਿਆਂ ਨੂੰ ਵੈੱਬ ਸਾਈਟ ਰਾਹੀਂ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ
2. ਸਮੂਹ ਬੀ.ਪੀ.ਈ.ਓ, ਪੰਜਾਬ
3. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ
4. ਸਮੂਹ ਸਕੂਲ ਮੁਖੀ, ਪੰਜਾਬ
5. ਸਮੂਹ ਜ਼ਿਲ੍ਹਾ ਕੋਆਰਡੀਨੇਟਰਜ਼, ਸ.ਸ.ਅ, ਪੰਜਾਬ
6. ਡੀ.ਐੱਮ, ਐੱਮ.ਆਈ.ਐੱਸ ਨੂੰ ਵੈੱਬ ਸਾਈਟ ਤੇ ਪਾਉਣ ਲਈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ-
ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

'ਅਨੁਲਗ-ਉ'

| ਟੀ.ਐੱਲ.ਐੱਮ) @ Rs. 500/- | | | | | | | | | | |
|---|---|---|---|---|---|---|---|---|---|---|
| ਸਾਲ 2012-13 ਮੱਦ-15 | | | | | | | | | | |
| | | ਪ੍ਰਾਇਮਰੀ 15.01 | | | ਅੱਪਰ ਪ੍ਰਾਇਮਰੀ 15.02 | | | ਕੁੱਲ ਜੋੜ | | |
| ਲੜੀ ਨੰ. | ਜ਼ਿਲ੍ਹਾ | ਭੌਤਿਕ | PAB ਵਲੋਂ ਮੰਜ਼ੂਰ ਹੋਈ ਰਾਸ਼ੀ | ਜ਼ਿਲ੍ਹਿਆਂ ਨੂੰ ਭੇਜੀ ਗਈ ਮਿਤੀ ਨੂੰ ਭੇਜੀ ਗਈ ਰਾਸ਼ੀ | ਭੌਤਿਕ | PAB ਵਲੋਂ ਮੰਜ਼ੂਰ ਹੋਈ ਰਾਸ਼ੀ | ਜ਼ਿਲ੍ਹਿਆਂ ਨੂੰ ਭੇਜੀ ਗਈ ਮਿਤੀ ਨੂੰ ਭੇਜੀ ਗਈ ਰਾਸ਼ੀ | ਭੌਤਿਕ | PAB ਵਲੋਂ ਮੰਜ਼ੂਰ ਹੋਈ ਰਾਸ਼ੀ | ਜ਼ਿਲ੍ਹਿਆਂ ਨੂੰ ਭੇਜੀ ਗਈ ਮਿਤੀ ਨੂੰ ਭੇਜੀ ਗਈ ਰਾਸ਼ੀ |
| 1 | ਅੰਮ੍ਰਿਤਸਰ | 4028 | 20.14000 | 20.14000 | 3486 | 17.43000 | 17.43000 | 7514 | 37.57000 | 37.57000 |
| 2 | ਬਰਨਾਲਾ | 990 | 4.95000 | 4.95000 | 1049 | 5.24500 | 5.24500 | 2039 | 10.19500 | 10.19500 |
| 3 | ਬਠਿੰਡਾ | 2217 | 11.08500 | 11.08500 | 2085 | 10.42500 | 10.42500 | 4302 | 21.51000 | 21.51000 |
| 4 | ਫ਼ਰੀਦਕੋਟ | 1246 | 6.23000 | 6.23000 | 1069 | 5.34500 | 5.34500 | 2315 | 11.57500 | 11.57500 |
| 5 | ਫ਼ਤਿਹਗੜ੍ਹ ਸਾਹਿਬ | 1390 | 6.95000 | 6.95000 | 1386 | 6.93000 | 6.93000 | 2776 | 13.88000 | 13.88000 |
| 6 | ਫ਼ਾਜ਼ਿਲਕਾ | 1991 | 9.95500 | 9.95500 | 2034 | 10.17000 | 10.17000 | 4025 | 20.12500 | 20.12500 |
| 7 | ਫ਼ਿਰੋਜ਼ਪੁਰ | 2021 | 10.10500 | 10.10500 | 2047 | 10.23500 | 10.23500 | 4068 | 20.34000 | 20.34000 |
| 8 | ਗੁਰਦਾਸਪੁਰ | 3027 | 15.13500 | 15.13500 | 3156 | 15.78000 | 15.78000 | 6183 | 30.91500 | 30.91500 |
| 9 | ਹੁਸ਼ਿਆਰਪੁਰ | 3767 | 18.83500 | 18.83500 | 3429 | 17.14500 | 17.14500 | 7196 | 35.98000 | 35.98000 |
| 10 | ਜਲੰਧਰ | 3974 | 19.87000 | 19.87000 | 3697 | 18.48500 | 18.48500 | 7671 | 38.35500 | 38.35500 |
| 11 | ਕਪੂਰਥਲਾ | 1728 | 8.64000 | 8.64000 | 1825 | 9.12500 | 9.12500 | 3553 | 17.76500 | 17.76500 |
| 12 | ਲੁਧਿਆਣਾ | 4461 | 22.30500 | 22.30500 | 3900 | 19.50000 | 19.50000 | 8361 | 41.80500 | 41.80500 |
| 13 | ਮਾਨਸਾ | 1626 | 8.13000 | 8.13000 | 1427 | 7.13500 | 7.13500 | 3053 | 15.26500 | 15.26500 |
| 14 | ਮੋਗਾ | 2249 | 11.24500 | 11.24500 | 2103 | 10.51500 | 10.51500 | 4352 | 21.76000 | 21.76000 |
| 15 | ਮੋਹਾਲੀ | 1489 | 7.44500 | 7.44500 | 1574 | 7.87000 | 7.87000 | 3063 | 15.31500 | 15.31500 |
| 16 | ਮੁਕਤਸਰ | 1779 | 8.89500 | 8.89500 | 1542 | 7.71000 | 7.71000 | 3321 | 16.60500 | 16.60500 |
| 17 | ਨਵਾਂਸ਼ਹਿਰ | 1563 | 7.81500 | 7.81500 | 1552 | 7.76000 | 7.76000 | 3115 | 15.57500 | 15.57500 |
| 18 | ਪਠਾਨਕੋਟ | 1061 | 5.30500 | 5.30500 | 1132 | 5.66000 | 5.66000 | 2193 | 10.96500 | 10.96500 |
| 19 | ਪਟਿਆਲਾ | 3285 | 16.42500 | 16.42500 | 3048 | 15.24000 | 15.24000 | 6333 | 31.66500 | 31.66500 |
| 20 | ਰੂਪਨਗਰ | 1584 | 7.92000 | 7.92000 | 2061 | 10.30500 | 10.30500 | 3645 | 18.22500 | 18.22500 |
| 21 | ਸੰਗਰੂਰ | 2775 | 13.87500 | 13.87500 | 2754 | 13.77000 | 13.77000 | 5529 | 27.64500 | 27.64500 |
| 22 | ਤਰਨ-ਤਾਰਨ | 2268 | 11.34000 | 11.34000 | 1632 | 8.16000 | 8.16000 | 3900 | 19.50000 | 19.50000 |
| | ਕੁੱਲ | 50519 | 252.59500 | 252.59500 | 47988 | 239.94000 | 239.94000 | 98507 | 492.53500 | 492.53500 |